**Exam. Code : 103202**
**Subject Code : 1023**

**B.A./B.Sc. 2nd Semester**

**ਪੰਜਾਬੀ (ਲਾਜ਼ਮੀ)**

Time Allowed—3 Hours] [Maximum Marks—50

downloaded from StudentSuvidha

1. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਦਾ ਸਾਰ ਲਿਖੋ।

**ਜਾਂ**

ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ 'ਬਾਗੀ ਦੀ ਧੀ' ਦਾ ਵਿਸ਼ਾ ਵਸਤੂ ਲਿਖੋ। 10

2. ਗੁਰਚਰਨ ਸਿੰਘ ਰੇਖਾ ਚਿੱਤਰ ਦਾ ਸਾਰ ਲਿਖੋ।

**ਜਾਂ**

'ਬਲਰਾਜ ਸਾਹਨੀ' ਰੇਖਾ ਚਿੱਤਰ ਵਿੱਚ ਬਲਰਾਜ ਸਾਹਨੀ ਦੀ ਸ਼ਖਸੀਅਤ ਦੇ ਕਿਹੜੇ ਗੁਣ ਉੱਭਰ ਦੇ ਸਾਹਮਣੇ ਆਉਂਦੇ ਹਨ ? 10

3. ਮਿਸ਼ਰਤ ਅਤੇ ਸੰਯੁਕਤ ਸ਼ਬਦਾਂ ਵਿਚਲਾ ਅੰਤਰ ਮਿਸਾਲਾਂ ਦੇ ਕੇ ਸਪੱਸ਼ਟ ਕਰੋ।

**ਜਾਂ**

ਯੋਜਕਾਂ ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਵਿੱਚ ਯੋਜਕਾਂ ਦੀ ਵਰਤੋਂ ਬਾਰੇ ਸੰਖੇਪ ਨੋਟ ਲਿਖੋ। 10



Download all NOTES and PAPERS at St

4. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਕਰੋ :

(ੳ) ਦੇਸ਼ ਪਿਆਰ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਇੰਟਰਨੈੱਟ ਦਾ ਮਹੱਤਵ। 5

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਸੰਸਾਰ ਦੇ ਮਹਾਸਾਗਰ ਦਰਅਸਲ ਪ੍ਰਿਥਵੀ ਦੇ ਫੇਫੜੇ ਹਨ। ਇਨ੍ਹਾਂ ਰਾਹੀਂ ਸਾਡੀ ਪ੍ਰਿਥਵੀ ਸਾਹ ਲੈਂਦੀ ਹੈ। ਪਰ ਅਸੀਂ ਨਦੀਆਂ ਰਾਹੀਂ ਇਨ੍ਹਾਂ ਫੇਫੜਿਆਂ ਵੱਲ ਕੀ ਭੇਜ ਰਹੇ ਹਾਂ ? ਰਸੋਈ ਦੀ ਗੰਦਗੀ, ਸਾਬਨ ਦਾ ਚੂਰਾ, ਹਸਪਤਾਲੀ ਗੰਦਗੀਆਂ, ਧਾਤਾਂ, ਤੇਜ਼ਾਬ, ਕੀਟ ਨਾਸ਼ਕ ਦਵਾਈਆਂ, ਖਣਿਜ ਤੇਲ ਤੇ ਉਸ ਦੀ ਮੈਲ, ਇੰਜਣੀ ਤੇਲ, ਅਘੁਲਣਸ਼ੀਲ ਪਲਾਸਟਿਕ ਧਾਗਾ, ਸਿੱਕਾ, ਤੇ ਹੋਰ ਕਈ ਅਣਗਿਣਤ ਪਦਾਰਥ। ਜੇ ਅਜੇ ਵੀ ਅਸੀਂ ਟਾਹਰਾਂ ਮਾਰੀ ਜਾਈਏ ਕਿ ਸਾਡੀ 'ਪ੍ਰਿਥਵੀ ਦੇ ਫੇਫੜੇ ਤੰਦਰੁਸਤ ਰਹਿਣਗੇ ਤਾਂ ਇਹ ਸਾਡੀ ਵੱਡੀ ਭੁੱਲ ਹੋਵੇਗੀ। ਵਾਸਤਵਿਕਤਾ ਵੱਲੋਂ ਮੂੰਹ ਮੋੜਨ ਵਾਲੀ ਗੱਲ ਹੈ। ਪ੍ਰਚਲਿਤ ਸਥਿਤੀ ਵਿੱਚ ਇਨ੍ਹਾਂ ਫੇਫੜਿਆਂ ਦਾ ਤਪਦਿਕ ਨਾਲ ਗ੍ਰਸਤ ਹੋ ਜਾਣਾ ਨੇੜੇ ਦੀ ਗੱਲ ਲਗਦੀ ਹੈ। ਮਹਾਸਾਗਰਾਂ ਨੂੰ ਅਸੀਂ ਇਕ ਮਹਾਨ ਕੂੜੇਦਾਨ ਵਜੋਂ ਵਰਤ ਰਹੇ ਹਾਂ। ਪੱਛਮੀ ਦੁਨੀਆਂ ਵਿੱਚ ਤਾਂ ਸ਼ਹਿਰੀ ਗੰਦਗੀ ਦੇ ਨਾਲ-ਨਾਲ ਟੁੱਟੀਆਂ ਭੱਜੀਆਂ ਕਾਰਾਂ ਤੇ ਮਕਾਨਾਂ ਦੇ ਮਲਬੇ ਵੀ ਸਾਗਰਾਂ ਵਿੱਚ ਸੁੱਟੇ ਜਾ ਰਹੇ ਹਨ। ਪਰ ਹੁਣ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕੀ ਹੈ ਕਿ ਸਮੁੰਦਰਾਂ ਨੂੰ ਕੂੜੇਦਾਨ ਵਜੋਂ ਨਹੀਂ ਵਰਤਿਆ ਜਾ ਸਕਦਾ। ਸਾਗਰ ਪ੍ਰਿਥਵੀ ਲਈ ਵੱਡੇ ਤਾਪ-ਨਿਯੰਤ੍ਰਿਕ ਹਨ, ਭਾਵ ਸੂਰਜ ਦੀ ਬਹੁਤ ਸਾਰੀ ਤਪਸ਼ ਨੂੰ ਪ੍ਰਾਣੀ-ਮੰਡਲ ਲਈ ਸਹਿਯੋਗੀ ਬਣਾਈ ਰਖਦੇ ਹਨ। ਵਾਯੂਮੰਡਲ ਵਿੱਚ ਬਹੁਤ ਸਾਰੀ ਕਾਰਬਨ ਡਾਇਆਕਸਾਈਡ ਗੈਸ ਵੀ ਇਹ ਸਾਗਰ ਹੀ ਚੂਸ ਲੈਂਦੇ ਹਨ। ਜੇਕਰ ਅਸੀਂ ਮਹਾਂਸਾਗਰਾਂ ਨੂੰ ਕੂੜੇਦਾਨ ਹੀ ਬਣਾਈ ਰੱਖਿਆ ਤਾਂ



downloaded from StudentSuvidha
Download all NOTES and PAPERS at St

ਇਨ੍ਹਾਂ ਦੇ ਗੁਣ ਬਦਲ ਜਾਣਗੇ ਜਿਸ ਦੇ ਸਿੱਟੇ ਮਾਨਵ ਜਾਤੀ ਲਈ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ।

(ੳ) ਉਪਰੋਕਤ ਪੈਰ੍ਹੇ ਨੂੰ ਢੁਕਵਾਂ ਸਿਰਲੇਖ ਦਿਉ।

(ਅ) 'ਪ੍ਰਿਥਵੀ ਦੇ ਫੇਫੜੇ' ਤੋਂ ਕੀ ਭਾਵ ਹੈ ?

(ੲ) ਮਨੁੱਖ ਨਦੀਆਂ ਰਾਹੀਂ ਪ੍ਰਿਥਵੀ ਦੇ ਫੇਫੜਿਆਂ ਵੱਲ ਕੀ ਭੇਜ ਰਿਹਾ ਹੈ ?

(ਸ) ਮਹਾਂਸਾਗਰਾਂ ਦੀ ਵਰਤੋਂ ਅਸੀਂ ਕਿਸ ਤਰ੍ਹਾਂ ਕਰ ਰਹੇ ਹਾਂ ?

(ਹ) 'ਸਾਗਰ ਪ੍ਰਿਥਵੀ ਲਈ ਵੱਡੇ ਤਾਪ-ਨਿਯੰਤ੍ਰਿਕ ਹਨ।' ਕਥਨ ਤੋਂ ਕੀ ਭਾਵ ਹੈ ? 5

6. (ੳ) ਹੇਠ ਲਿਖੇ ਮੁਹਾਵਰਿਆਂ ਵਿਚੋਂ **ਪੰਜ** ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :

ਉਂਗਲਾਂ ਤੇ ਨਚਾਉਣਾ, ਅੱਖਾਂ ਵਿੱਚ ਰੜਕਣਾ, ਇਟ ਕੁੱਤੇ ਦਾ ਵੈਰ ਹੋਣਾ, ਸਿਰ ਉੱਤੋਂ ਪਾਣੀ ਲੰਘਣਾ, ਕੱਖ ਭੰਨ ਕੇ ਦੂਹਰਾ ਨਾ ਕਰਨਾ, ਗਿੱਲਾ ਪੀਹਣ ਪਾਉਣਾ, ਚਾਰ ਸੌ ਵੀਹ ਕਰਨਾ, ਮੱਖੀ ਤੇ ਮੱਖੀ ਮਾਰਨਾ 5

(ਅ) ਹੇਠ ਲਿਖੇ ਅਖਾਣਾਂ ਵਿਚੋਂ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਵਰਤੋ :

ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ

ਇਕ ਅਨਾਰ, ਸੌ ਬਿਮਾਰ

ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ

ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਣ ਨੂੰ ਹੋਰ

ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ

ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ

ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ

ਮੂਸਾ ਨੱਠਾ ਮੌਤ ਤੋਂ ਅੱਗੇ ਮੌਤ ਖਲੀ 5



downloaded from StudentSuvidha
Download all NOTES and PAPERS at St